# ਸਹਾਇਤਾ ਪ੍ਰਾਪਤ ਸਵੈ-ਇੱਛਤ ਮੌਤ

ਸਾਊਥ ਆਸਟ੍ਰੇਲੀਆ ਵਿੱਚ ਸਹਾਇਤਾ ਪ੍ਰਾਪਤ ਸਵੈ-ਇੱਛਤ ਮੌਤ ਕਾਨੂੰਨੀ ਹੈ।

ਸਹਾਇਤਾ ਪ੍ਰਾਪਤ ਸਵੈ-ਇੱਛਤ ਮੌਤ ਦਾ ਮਤਲਬ ਹੈ ਕਿ ਕਈ ਲੋਕ ਜੋ ਬਹੁਤ ਜ਼ਿਆਦਾ ਬਿਮਾਰ ਹੁੰਦੇ ਹਨ, ਡਾਕਟਰ ਦੀ ਸਹਾਇਤਾ ਮੰਗ ਸਕਦੇ ਹਨ ਕਿ ਦਵਾਈ ਨਾਲ ਉਨ੍ਹਾਂ ਦੇ ਜੀਵਨ ਦਾ ਅੰਤ ਕਰ ਦਿੱਤਾ ਜਾਵੇ।

ਸਹਾਇਤਾ ਪ੍ਰਾਪਤ ਸਵੈ-ਇੱਛਤ ਮੌਤ ਅਤੇ 'ਆਤਮ-ਹੱਤਿਆ' ਜਾਂ ਆਪਣੀ ਜਾਣ ਆਪ ਲੈ ਲੈਣਾ ਇੱਕੋ ਚੀਜ਼ ਨਹੀਂ ਹਨ।

## ਸਹਾਇਤਾ ਪ੍ਰਾਪਤ ਸਵੈ-ਇੱਛਤ ਮੌਤ ਦੇ ਨਿਯਮ

ਸਹਾਇਤਾ ਪ੍ਰਾਪਤ ਸਵੈ-ਇੱਛਤ ਮੌਤ ਅਤੇ ਇਸ ਨੂੰ ਕੌਣ ਪ੍ਰਾਪਤ ਕਰ ਸਕਦਾ ਹੈ, ਇਸ ਬਾਰੇ ਕਈ ਸਾਰੇ ਨਿਯਮ ਹਨ।

ਆਪਣੇ ਲਈ ਸਹਾਇਤਾ ਪ੍ਰਾਪਤ ਸਵੈ-ਇੱਛਤ ਮੌਤ ਦੀ ਮੰਗ ਤੁਹਾਨੂੰ ਆਪ ਨੂੰ ਕਰਨੀ ਪੈਂਦੀ ਹੈ।

ਕੋਈ ਤੁਹਾਨੂੰ ਸਹਾਇਤਾ ਪ੍ਰਾਪਤ ਸਵੈ-ਇੱਛਤ ਮੌਤ ਪ੍ਰਾਪਤੀ ਲਈ ਪ੍ਰੇਰਿਤ ਨਹੀਂ ਕਰ ਸਕਦਾ।

ਡਾਕਟਰਾਂ ਲਈ ਕੋਈ ਜ਼ਰੂਰੀ ਨਹੀਂ ਹੈ ਕਿ ਉਹ ਕਿਸੇ ਨੂੰ ਸਹਾਇਤਾ ਪ੍ਰਾਪਤ ਸਵੈ-ਇੱਛਤ ਮੌਤ ਦੇਣ ਹੀ।

ਇਹ ਨਿਯਮ ਯਕੀਨੀ ਬਣਾਉਂਦੇ ਹਨ ਕਿ

- ਸਹਾਇਤਾ ਪ੍ਰਾਪਤ ਸਵੈ-ਇੱਛਤ ਮੌਤ ਸੁਰੱਖਿਅਤ ਹੈ।
- ਤੁਸੀਂ ਸਹਾਇਤਾ ਪ੍ਰਾਪਤ ਸਵੈ-ਇੱਛਤ ਮੌਤ ਸਿਰਫ਼ ਤਾਂ ਅਪਣਾਉਂਦੇ ਹੋ, ਜੇ ਤੁਸੀਂ ਅਜਿਹਾ ਕਰਨਾ ਚਾਹੁੰਦੇ ਹੋ।

ਸਹਾਇਤਾ ਪ੍ਰਾਪਤ ਸਵੈ-ਇੱਛਤ ਮੌਤ ਪ੍ਰਾਪਤੀ ਵਾਸਤੇ ਤੁਹਾਡੇ ਲਈ ਲਾਜਮੀ ਹੈ ਕਿ:

- ਤੁਹਾਨੂੰ ਕੋਈ ਅਜਿਹੀ ਬਿਮਾਰੀ ਹੈ ਜੋ ਠੀਕ ਨਹੀਂ ਹੋਣ ਵਾਲੀ
- ਤੁਹਾਨੂੰ ਕੋਈ ਅਜਿਹੀ ਬਿਮਾਰੀ ਹੈ ਜੋ ਬਹੁਤ ਹੀ ਜ਼ਿਆਦਾ ਭਾਵਨਾਤਮਕ, ਮਾਨਸਿਕ ਜਾਂ ਸਰੀਰਕ ਦੁੱਖ ਦਿੰਦੀ ਹੈ
- ਤੁਹਾਨੂੰ ਕੋਈ ਅਜਿਹੀ ਬਿਮਾਰੀ ਹੈ ਜਿਸ ਕਰਕੇ 6 ਮਹੀਨਿਆਂ ਅੰਦਰ-ਅੰਦਰ ਤੁਹਾਡੀ ਮੌਤ ਹੋ ਜਾਵੇਗੀ, ਜਾਂ ਕਈ ਬਿਮਾਰੀਆਂ ਵਾਸਤੇ ਇਹ ਸੀਮਾ 12 ਮਹੀਨੇ ਹੈ
- ਤੁਹਾਡੀ ਉਮਰ 18 ਸਾਲਾਂ ਤੋਂ ਵੱਧ ਹੈ
- ਤੁਸੀਂ ਆਸਟ੍ਰੇਲੀਆਈ ਨਾਗਰਿਕ ਜਾਂ ਸਥਾਈ ਨਿਵਾਸੀ (ਪਰਮਾਨੈਂਟ ਰੇਸੀਡੈਂਟ) ਹੋ
- ਸਾਊਥ ਆਸਟ੍ਰੇਲੀਆ ਵਿੱਚ ਰਹਿੰਦੇ ਹੋ ਅਤੇ ਘੱਟੋ-ਘੱਟ 12 ਮਹੀਨਿਆਂ ਤੋਂ ਰਹਿੰਦੇ ਆ ਰਹੇ ਹੋ
- ਆਪਣੇ ਫੈਸਲੇ ਆਪ ਲੈਣ ਦੇ ਯੋਗ ਹੋ।

ਤੁਸੀਂ ਸਹਾਇਤਾ ਪ੍ਰਾਪਤ ਸਵੈ-ਇੱਛਤ ਮੌਤ ਪ੍ਰਾਪਤ ਨਹੀਂ ਕਰ ਸਕਦੇ ਹੋ, ਜੇ

- ਤੁਹਾਨੂੰ ਸਿਰਫ਼ ਕੋਈ ਮਾਨਸਿਕ ਰੋਗ ਹੈ
- ਤੁਹਾਨੂੰ ਸਿਰਫ਼ ਕੋਈ ਅਪਾਹਜਤਾ ਹੈ
- ਤੁਸੀਂ ਆਪਣੇ ਫੈਸਲੇ ਆਪ ਲੈਣ ਲਈ ਸਮਰੱਥ ਨਹੀਂ ਹੋ
- ਤੁਸੀਂ ਬਿਮਾਰ ਨਹੀਂ ਹੋ

## ਜਾਣਕਾਰੀ ਅਤੇ ਸਹਾਇਤਾ ਲਈ

**ਸਹਾਇਤਾ ਪ੍ਰਾਪਤ ਸਵੈ-ਇੱਛਤ ਮੌਤ ਸਬੰਧੀ ਸਹਾਇਤਾ ਸੇਵਾਵਾਂ ਉਪਲਬਧ ਹਨ ਜੋ ਸਹਾਇਤਾ ਪ੍ਰਾਪਤ ਸਵੈ-ਇੱਛਤ ਮੌਤ ਦੀ ਇੱਛਾ ਰੱਖਣ ਵਾਲੇ ਲੋਕਾਂ ਦੀ ਮਦਦ ਕਰ ਸਕਦੀਆਂ ਹਨ। ਉਹ ਸਹਾਇਤਾ ਪ੍ਰਾਪਤ ਸਵੈ-ਇੱਛਤ ਮੌਤ ਦੇ ਪੜਾਅਵਾਂ ਬਾਰੇ ਪਰਿਵਾਰ ਵਾਲਿਆਂ, ਦੋਸਤਾਂ ਅਤੇ ਦੇਖਭਾਲ ਕਰਨ ਵਾਲਿਆਂ ਅਤੇ ਡਾਕਟਰਾਂ ਦੀ ਸਹਾਇਤਾ ਵੀ ਕਰ ਸਕਦੀਆਂ ਹਨ। ਇਹ ਸਹਾਇਤਾ ਸੇਵਾਵਾਂ ਲੋਕਾਂ ਨੂੰ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕਰਦੀਆਂ ਹਨ। ਤੁਸੀਂ ਸਹਾਇਤਾ ਪ੍ਰਾਪਤ ਸਵੈ-ਇੱਛਤ ਮੌਤ ਦੀ ਸਹਾਇਤਾ ਸੇਵਾ ਨੂੰ ਈਮੇਲ ਜਾਂ ਫ਼ੋਨ ਰਾਹੀਂ ਸੰਪਰਕ ਕਰ ਸਕਦੇ ਹੋ:**

**ਸੋਮਵਾਰ ਤੋਂ ਸ਼ੁੱਕਰਵਾਰ: ਸਵੇਰ 9:00 ਵਜੇ ਤੋਂ ਸ਼ਾਮ 5:00 ਵਜੇ**

**ਈ-ਮੇਲ: Health.VADCareNavigators@sa.gov.au**

**ਫ਼ੋਨ: 0403 087 390**

# ਸਹਾਇਤਾ ਪ੍ਰਾਪਤ ਸਵੈ-ਇੱਛਤ ਮੌਤ ਹਾਸਲ ਕਰਨ ਦੇ 11 ਪੜਾਅ

1. **ਤੁਸੀਂ ਪਹਿਲੀ ਵਾਰ ਆਪਣੇ ਡਾਕਟਰ ਨੂੰ ਸਹਾਇਤਾ ਪ੍ਰਾਪਤ ਸਵੈ-ਇੱਛਤ ਮੌਤ ਬਾਰੇ ਪੁੱਛਦੇ ਹੋ।**
2. **ਤੁਹਾਡਾ ਡਾਕਟਰ ਯਕੀਨੀ ਬਣਾਏਗਾ ਕਿ ਸਹਾਇਤਾ ਪ੍ਰਾਪਤ ਸਵੈ-ਇੱਛਤ ਮੌਤ ਵਾਸਤੇ ਤੁਸੀਂ ਸਾਰੇ ਨਿਯਮਾਂ 'ਤੇ ਖਰੇ ਉੱਤਰਦੇ ਹੋ।**

ਜੇ ਕੋਈ ਡਾਕਟਰ ਤੁਹਾਡੀ ਬੇਨਤੀ ਕਰਨ 'ਤੇ ਤੁਹਾਨੂੰ ਮਨਾ ਕਰ ਦਿੰਦਾ ਹੈ, ਤਾਂ ਤੁਸੀਂ ਸਹਾਇਤਾ ਪ੍ਰਾਪਤ ਸਵੈ-ਇੱਛਤ ਮੌਤ ਲਈ ਕਿਸੇ ਹੋਰ ਡਾਕਟਰ ਕੋਲੋਂ ਪੁੱਛ ਸਕਦੇ ਹੋ। ਜੇ ਕੋਈ ਡਾਕਟਰ ਤੁਹਾਨੂੰ ਹਾਂ ਕਹਿ ਦਿੰਦਾ ਹੈ, ਤਾਂ ਉਹ ਡਾਕਟਰ ਹੀ ਤੁਹਾਨੂੰ ਸਹਾਇਤਾ ਪ੍ਰਾਪਤ ਸਵੈ-ਇੱਛਤ ਮੌਤ ਹਾਸਲ ਕਰਨ ਵਿੱਚ ਮਦਦ ਕਰੇਗਾ/ਗੀ।

3. **ਕਿਸੇ ਦੂਸਰੇ ਡਾਕਟਰ ਨੂੰ ਵੀ ਇਹ ਯਕੀਨੀ ਬਣਾਉਣਾ ਪਵੇਗਾ ਕਿ ਤੁਸੀਂ ਸਹਾਇਤਾ ਪ੍ਰਾਪਤ ਸਵੈ-ਇੱਛਤ ਮੌਤ ਦੇ ਸਾਰੇ ਨਿਯਮਾਂ 'ਤੇ ਖਰੇ ਉੱਤਰਦੇ ਹੋ।**
4. **ਤੁਹਾਨੂੰ ਇੱਕ ਫ਼ਾਰਮ ਉੱਤੇ ਲਿੱਖਣਾ ਪਵੇਗਾ ਕਿ ਤੁਸੀਂ ਸਹਾਇਤਾ ਪ੍ਰਾਪਤ ਸਵੈ-ਇੱਛਤ ਮੌਤ ਚਾਹੁੰਦੇ ਹੋ।**

ਦੋ ਲੋਕਾਂ ਨੂੰ, ਤੁਹਾਨੂੰ ਫ਼ਾਰਮ 'ਤੇ ਇਹ ਲਿਖਦੇ ਹੋਏ ਅਤੇ ਫ਼ਾਰਮ 'ਤੇ ਦਸਤਖਤ ਕਰਦੇ ਹੋਏ ਦੇਖਣਾ ਪਵੇਗਾ। ਜੇ ਤੁਸੀਂ ਫ਼ਾਰਮ 'ਤੇ ਲਿੱਖ ਜਾਂ ਦਸਤਖਤ ਨਹੀਂ ਕਰ ਸਕਦੇ ਹੋ, ਤਾਂ ਤੁਹਾਡੇ ਲਈ ਕੋਈ ਹੋਰ ਵੀ ਲਿੱਖ ਸਕਦਾ ਹੈ।

5. **ਇੱਕ ਵਾਰ ਫ਼ਾਰਮ ਪੂਰਾ ਕਰ ਲੈਣ ਤੋਂ ਬਾਅਦ, ਤੁਹਾਨੂੰ ਆਪਣੇ ਡਾਕਟਰ ਨੂੰ ਅਖੀਰਲੀ ਵਾਰ, ਅਤੇ ਇੱਕ ਵਾਰ ਫੇਰ, ਸਹਾਇਤਾ ਪ੍ਰਾਪਤ ਸਵੈ-ਇੱਛਤ ਮੌਤ ਹਾਸਲ ਕਰਨ ਲਈ ਕਹਿਣਾ ਪਵੇਗਾ।**

ਅਖੀਰਲੀ ਵਾਰ ਸਹਾਇਤਾ ਪ੍ਰਾਪਤ ਸਵੈ-ਇੱਛਤ ਮੌਤ ਦੀ ਕੀਤੀ ਗਈ ਇਹ ਮੰਗ, ਸਿਰਫ਼ ਪਹਿਲੀ ਵਾਰ ਕੀਤੀ ਗਈ ਮੰਗ ਤੋਂ 9 ਦਿਨਾਂ ਬਾਅਦ ਕੀਤੀ ਜਾ ਸਕਦੀ ਹੈ, ਬਸ਼ਰਤੇ ਕਿ ਤੁਹਾਡਾ ਡਾਕਟਰ ਹੀ ਤੁਹਾਨੂੰ ਨਾ ਕਹਿ ਦੇਵੇ ਕਿ ਤੁਹਾਨੂੰ ਸਹਾਇਤਾ ਪ੍ਰਾਪਤ ਸਵੈ-ਇੱਛਤ ਮੌਤ ਛੇਤੀ ਪ੍ਰਾਪਤ ਕਰ ਲੈਣੀ ਚਾਹੀਦੀ ਹੈ।

6. **ਤੁਹਾਨੂੰ ਇੱਕ 'ਸੰਪਰਕ ਵਿਅਕਤੀ' ਦੀ ਚੋਣ ਕਰਨੀ ਪਵੇਗੀ।**

ਸੰਪਰਕ ਵਿਅਕਤੀ ਦੀ ਉਮਰ 18 ਸਾਲ ਤੋਂ ਵੱਧ ਹੋਣੀ ਚਾਹੀਦੀ ਹੈ। ਇਹ ਵਿਅਕਤੀ ਸਹਾਇਤਾ ਪ੍ਰਾਪਤ ਸਵੈ-ਇੱਛਤ ਮੌਤ ਦੀ ਦਵਾਈ ਨੂੰ ਵਾਪਸ ਕਰਨ ਵਿੱਚ ਤੁਹਾਡੀ ਸਹਾਇਤਾ ਕਰੇਗਾ, ਜੇਕਰ ਤੁਸੀਂ ਉਸ ਦਵਾਈ ਦੀ ਵਰਤੋਂ ਨਹੀਂ ਕਰਦੇ ਹੋ।

7. **ਤੁਹਾਡਾ ਡਾਕਟਰ ਇੱਕ ਅਖੀਰਲੀ ਵਾਰੀ, ਇਹ ਯਕੀਨੀ ਬਣਾਉਣ ਲਈ ਜਾਂਚ ਕਰੇਗਾ ਕਿ ਤੁਸੀਂ ਸਹਾਇਤਾ ਪ੍ਰਾਪਤ ਸਵੈ-ਇੱਛਤ ਮੌਤ ਹਾਸਲ ਕਰਨ ਲਈ ਯੋਗ ਹੋ।**

ਇਹ ਜਾਨਣਾ ਜ਼ਰੂਰੀ ਹੈ ਕਿ ਤੁਹਾਨੂੰ ਪੂਰੀ ਖੁੱਲ ਹੈ ਕਿ ਕਿਸੇ ਵੀ ਸਮੇਂ, ਤੁਸੀਂ ਆਪਣਾ ਮਨ ਬਦਲ ਸਕਦੇ ਹੋ ਅਤੇ ਕਹਿ ਸਕਦੇ ਹੋ ਕਿ ਤੁਹਾਨੂੰ ਸਹਾਇਤਾ ਪ੍ਰਾਪਤ ਸਵੈ-ਇੱਛਤ ਮੌਤ ਨਹੀਂ ਚਾਹੀਦੀ।

8. **ਤਾਂ ਜੋ ਤੁਹਾਨੂੰ ਸਹਾਇਤਾ ਪ੍ਰਾਪਤ ਸਵੈ-ਇੱਛਤ ਮੌਤ ਵਾਸਤੇ ਦਵਾਈ ਦੇ ਸਕਣ, ਇਸ ਦੇ ਲਈ ਡਾਕਟਰ ਨੂੰ ਪਰਮਿਟ ਲੈਣੀ ਲਾਜਮੀ ਹੋਵੇਗੀ।**

ਪਰਮਿਟ ਇੱਕ ਪੱਤਰ ਨੂੰ ਕਿਹਾ ਜਾਂਦਾ ਹੈ ਜਿਸ ਵਿੱਚ ਲਿਖਿਆ ਹੁੰਦਾ ਹੈ ਕਿ ਕੋਈ ਵਿਅਕਤੀ ਕੁੱਝ ਕਰਨ ਲਈ ਕਾਬਲ ਹੈ।

9. **ਦਵਾਈ ਤੁਹਾਨੂੰ ਫਾਰਮਾਸਿਸਟ (ਦਵਾਵਾਂ ਵੇਚਣ ਵਾਲੇ) ਕੋਲੋਂ ਮਿਲੇਗੀ।**
10. **ਇਸ ਤੋਂ ਬਾਅਦ ਆਪਣੇ ਜੀਵਨ ਦਾ ਅੰਤ ਕਰਨ ਲਈ ਤੁਸੀਂ ਦਵਾਈ ਲੈ ਸਕਦੇ ਹੋ।**

ਜੇ ਤੁਸੀਂ ਆਪਣੇ ਆਪ ਦਵਾਈ ਨਹੀਂ ਲੈ ਪਾਉਂਦੇ ਹੋ, ਤਾਂ ਇੱਕ ਡਾਕਟਰ ਤੁਹਾਡੇ ਵਾਸਤੇ ਅਜਿਹਾ ਕਰ ਸਕਦਾ ਹੈ। ਜੇ ਅਜਿਹਾ ਹੁੰਦਾ ਹੈ, ਤਾਂ ਕਿਸੇ ਹੋਰ ਵਿਅਕਤੀ ਜਾਂ ਗਵਾਹ ਨੂੰ ਉਸ ਸਥਾਨ 'ਤੇ ਹੋਣਾ ਪਵੇਗਾ। ਸੰਪਰਕ ਵਿਅਕਤੀ, ਜਿਸ ਦੀ ਚੋਣ ਤੁਸੀਂ ਕੀਤੀ ਸੀ, ਉਸ ਨੂੰ ਉਹ ਦਵਾਈ ਫਾਰਮਾਸਿਸਟ ਨੂੰ ਵਾਪਸ ਕਰਨੀ ਹੋਵੇਗੀ ਜਿਸਦੀ ਵਰਤੋਂ ਤੁਸੀਂ ਨਹੀਂ ਕੀਤੀ ਹੈ।

11. **ਤੁਹਾਡੇ ਦੋਸਤ-ਰਿਸ਼ਤੇਦਾਰ ਤੁਹਾਡੇ ਡਾਕਟਰ ਨੂੰ ਦੱਸ ਦੇਣਗੇ ਕਿ ਤੁਹਾਡੇ ਜੀਵਨ ਦਾ ਅੰਤ ਹੋ ਚੁੱਕਾ ਹੈ ਅਤੇ ਫਿਰ ਤੁਹਾਡਾ ਡਾਕਟਰ, ਮੌਤ ਨੂੰ ਉਪਚਾਰਿਕ ਜਾਂ 'ਪ੍ਰਮਾਣਿਤ' ਕਰਨ ਲਈ ਕਦਮ ਚੁੱਕੇਗਾ।**

ਪ੍ਰਮਾਣਿਤ ਦਾ ਮਤਲਬ ਹੈ ਇਹ ਦਿਖਾਉਂਦਾ ਇੱਕ ਉਪਚਾਰਿਕ ਦਸਤਾਵੇਜ਼ ਤਿਆਰ ਕਰਨਾ ਕਿ ਕੋਈ ਚੀਜ਼ ਨਿਯਮਾਂ ਅਨੁਸਾਰ ਹੋਈ ਹੈ। ਦਸਤਾਵੇਜ਼ ਇਹ ਕਹੇਗਾ ਕਿ ਤੁਹਾਡੀ ਮੌਤ ਤੁਹਾਡੀ ਬਿਮਾਰੀ ਕਰ ਕੇ ਹੋਈ ਹੈ, ਸਹਾਇਤਾ ਪ੍ਰਾਪਤ ਸਵੈ-ਇੱਛਤ ਮੌਤ ਰਾਹੀਂ ਨਹੀਂ।

## ਵਧੇਰੀ ਜਾਣਕਾਰੀ ਲਈ

ਅਧਿਕਾਰਿਕ

**ਸਿਹਤ ਸੇਵਾਵਾਂ ਪ੍ਰੋਗਰਾਮ ਬਰਾਂਚ (Health Services Programs Branch)**
**ਸਿਹਤ ਅਤੇ ਸਲਾਮਤਿ ਵਿਭਾਗ (Department for Health and Wellbeing)**
Health.VoluntaryAssistedDying@sa.gov.au
www.sahealth.sa.gov.au/VAD

Government of South Australia
SA Health

© ਸਿਹਤ ਅਤੇ ਦੁਰੁਸਤੀ ਵਿਭਾਗ, ਸਾਊਥ ਔਸਟ੍ਰੇਲੀਆ ਸਰਕਾਰ। ਸਾਰੇ ਅਧਿਕਾਰ ਰਾਖਵੇ ਹਨ।